ਹੈਲੋ ਮਾਪਿਓ, ਵਿਦਿਆਰਥੀਓ, ਸਟਾਫ ਅਤੇ ਕਮਿਊਨਿਟੀ ਦੇ ਮੈਂਬਰੋ,
ਸੋਮਵਾਰ, 1 ਜੂਨ ਆਉਣ ਵਾਲਾ ਹੈ ਅਤੇ ਕਲਾਸਾਂ ਵਿੱਚ ਆਹਮੋ ਸਾਹਮਣੇ ਬੈਠ ਕੇ (ਫੇਸ ਟੂ ਫੇਸ) ਪੜ੍ਹਾਈ ਸ਼ੁਰੂ ਹੋਣ ਵਾਲੀ ਹੈ। ਸੋਮਵਾਰ ਤੋਂ ਪਹਿਲਾਂ, ਮੈਂ ਕੁੱਝ ਆਖਰੀ ਛੋਟੀਆਂ ਛੋਟੀਆਂ ਚੀਜ਼ਾਂ ਬਾਰੇ  ਦੱਸਣਾ ਚਾਹੁੰਦਾ ਹਾਂ ਅਤੇ ਕੁੱਝ ਗੱਲਾਂ ਯਾਦ ਕਰਵਾਉਣੀਆਂ ਚਾਹੁੰਦਾ ਹਾਂ।

ਉਮੀਦ ਹੈ ਕਿ ਹੁਣ ਤੱਕ ਤੁਹਾਨੂੰ ਪੂਰਾ ਪਤਾ ਲੱਗ ਚੁੱਕਾ ਹੋਵੇਗਾ ਕਿ ਸੋਮਵਾਰ ਨੂੰ ਤੁਹਾਡੇ ਸਕੂਲ ਵਿੱਚ ਕੀ ਹੋ ਰਿਹਾ ਹੈ। ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਸਾਡੇ ਕੋਲ ਸਮਾਂ ਬਹੁਤ ਘੱਟ ਸੀ, ਪਰ ਸਾਡੇ ਬਹੁਗਿਣਤੀ ਸਕੂਲਾਂ ਨੇ ਤੁਹਾਡੇ ਲਈ ਆਪਣੇ ਟਾਇਮਟੇਬਲ ਵੈੱਬ ਉੱਤੇ ਪਾ ਦਿੱਤੇ ਹੋਣੇ ਚਾਹੀਦੇ ਹਨ।

ਜਿਵੇਂ ਕਿ ਤੁਸੀਂ ਜਾਣਦੇ ਹੋ, ਕਿ ਅਸੀਂ ਐਲੀਮੈਂਟਰੀ ਸਕੂਲਾਂ ਲਈ ਕ੍ਰਮਵਾਰ ਸਮਾਂ ਸੂਚੀ (ਸਟਰਕਚਰਡ ਟਾਇਮਟੇਬਲ) ਦੀ ਪਾਲਣਾ ਕਰ ਰਹੇ ਹਾਂ, ਜਿਸ ਅਨੁਸਾਰ ਕਿੰਡਰਗਾਰਟਨ ਤੋਂ ਗ੍ਰੇਡ 6 ਤੱਕ ਦੇ ਵਿਦਿਆਰਥੀ ਸੋਮਵਾਰ ਅਤੇ ਮੰਗਲਵਾਰ ਸਕੂਲ ਆਉਣਗੇ ਅਤੇ ਕੇ 5 ਅਤੇ 7 ਦੇ ਵਿਦਿਆਰਥੀ ਵੀਰਵਾਰ ਅਤੇ ਸ਼ੁੱਕਰਵਾਰ ਨੂੰ। ਇਨ੍ਹਾਂ ਸਾਰੇ ਦਿਨਾਂ ਦੌਰਾਨ ਵਿਦਿਆਰਥੀਆਂ ਨੂੰ ਛੋਟੇ  ਗਰੁੱਪਾਂ ਵਿੱਚ ਵੰਡਿਆ ਜਾਵੇਗਾ, ਜਿਹੜੇ ਕਿ ਉਨ੍ਹਾਂ ਦੀ ਕਲਾਸ ਦੇ ਅੱਧ ਦੇ ਬਰਾਬਰ ਹੋਣਗੇ। ਇਸ ਲਈ ਵਿਦਿਆਰਥੀ ਆਪਣੇ ਛੋਟੇ ਗਰੁੱਪਾਂ ਵਿੱਚ ਇਕ ਦਿਨ ਛੱਡ ਕੇ ਸਕੂਲ ਆਉਣਗੇ। ਬੁੱਧਵਾਰ ਨੂੰ, ਬਹੁਗਿਣਤੀ ਬੱਚੇ ਅਤੇ ਟੀਚਰ ਘਰ ਰਹਿਣਗੇ। ਅੰਤ ਵਿੱਚ ਜੇ ਤੁਸੀਂ ਕਿੰਡਰਗਾਟਰਨ ਤੋਂ ਗ੍ਰੇਡ 5 ਦੇ ਵਿਚਕਾਰ ਹੋ ਤਾਂ ਤੁਹਾਡੀ ਪੜ੍ਹਾਈ ਹਫਤੇ ਵਿੱਚ 2 ਦਿਨ ਹੋਵੇਗੀ। ਜੇ ਤੁਸੀਂ ਗ੍ਰੇਡ 6 ਜਾਂ 7 ਵਿੱਚ ਹੋ ਤਾਂ ਤੁਹਾਡੀ ਪੜ੍ਹਾਈ ਹਫਤੇ ਵਿੱਚ 1 ਦਿਨ ਹੋਵੇਗੀ।

ਜ਼ਰੂਰੀ ਸਮਰਥਨ ਦੇਣ ਵਾਲੇ ਕਾਮਿਆਂ (ਐਸਿੰਸ਼ਿਅਲ ਸੁਪੋਰਟ ਵਰਕਰਜ਼) ਅਤੇ ਖਾਸ ਲੋੜਾਂ ਵਾਲੇ ਵਿਦਿਆਰਥੀਆਂ ਸਮੇਤ ਵਾਧੂ ਸਹਾਇਤਾ ਦੀ ਲੋੜ ਵਾਲੇ ਵਿਦਿਆਰਥੀ ਉਪ੍ਰੋਕਤ ਨਿਯਮਾਂ ਅਧੀਨ ਨਹੀਂ ਆਉਂਦੇ। ਇਨ੍ਹਾਂ ਬੱਚਿਆਂ ਕੋਲ ਹਫਤੇ ਵਿੱਚ 5 ਦਿਨ ਸਕੂਲ ਹੋਣ ਦੀ ਚੋਣ ਹੋਵੇਗੀ, ਜਿਸ ਦਾ ਮਤਲਬ ਹੈ ਕਿ ਉਹ ਬੁੱਧਵਾਰ ਨੂੰ ਵੀ ਸਕੂਲ ਵਿੱਚ ਹੋ ਸਕਦੇ ਹਨ।

ਸੈਕੰਡਰੀ ਸਕੂਲਾਂ ਵਿੱਚ ਅਸੀਂ ਟਿਊਟਰਾਂ ਵਾਲਾ ਮਾਡਲ ਵਰਤ ਰਹੇ ਹਾਂ। ਇਸ ਦਾ ਮਤਲਬ ਹੈ ਕਿ ਤੁਹਾਡਾ ਬੱਚਾ ਇਕ ਮਿੱਥੇ ਹੋਏ ਸਮਿਆਂ ਦੇ ਸਕੈਜੂਅਲ (ਸਮਾਂ ਸੂਚੀ) ਲਈ ਨਾਂ ਦੇਵੇਗਾ ਅਤੇ ਆਪਣੇ ਟੀਚਰਾਂ ਤੋਂ ਆਹਮੋ ਸਾਹਮਣੇ ਹੋ ਕੇ (ਫੇਸ ਟੂ ਫੇਸ) ਮਦਦ ਪ੍ਰਾਪਤ ਕਰੇਗਾ। ਪੂਰੇ ਹਫਤੇ ਦੌਰਾਨ ਉਹ ਇਕ ਦਿਨ ਦੇ ਸਕੂਲ ਦੇ ਬਰਾਬਰ ਦੇ ਸਮੇਂ ਲਈ ਕਲਾਸ ਵਿੱਚ ਹੋਣਗੇ।

ਵਿਦਿਆਰਥੀਆਂ ਅਤੇ ਸਟਾਫ ਲਈ ਪਾਲਣਾ ਕਰਨ ਲਈ ਹੋਰ ਨਵੇ ਨਿੱਤਨੇਮ ਹਨ। ਜਿਵੇਂ ਕਿ:

- ਕਲਾਸਾਂ ਦਾ ਬਹੁਤ ਛੋਟਾ ਸਾਈਜ਼
- ਦੂਰ ਦੂਰ ਬੈਠਣਾ
- ਸਕੂਲ ਵਿੱਚ ਇਕ ਥਾਂ ਤੋਂ ਦੂਜੀ ਥਾਂ ਆਉਣ ਜਾਣ ਸਮੇਂ ਬਕਾਇਦਗੀ ਨਾਲ ਹੱਥ ਧੋਣ ਦੇ ਨਵੇਂ ਨਿੱਤਨੇਮ
- ਸਟਾਫ ਅਤੇ ਵਿਦਿਆਰਥੀਆਂ ਦੀ ਸਿਹਤ ਨੂੰ ਰੋਜ਼ਾਨਾ ਚੈੱਕ ਕਰਨਾ
- ਕੁੱਝ ਚੀਜ਼ਾਂ ਉਪਲਬਧ ਨਹੀਂ ਹੋਣਗੀਆਂ (ਜਿਵੇਂ ਕਿ ਸਟਫਡ ਖਿਡਾਉਣੇ ਅਤੇ ਪਲੇਡੌਅ)
- ਹਰ ਕੋਈ ਸਕੂਲ ਦੇ ਮਾਹੌਲ ਵਿੱਚ ਇਕ ਦੂਸਰੇ ਤੋਂ ਦੂਰੀ ਰੱਖਣ ਬਾਰੇ ਲਗਾਤਾਰ ਸਿੱਖ ਰਿਹਾ ਹੋਵੇਗਾ ਅਤੇ ਇਸ ਬਾਰੇ ਲਗਾਤਾਰ ਯਾਦ ਕਰਾਇਆ ਜਾਵੇਗਾ
- ਬਾਲਗਾਂ (ਮਾਪਿਆਂ, ਵਿਜ਼ਟਰਾਂ) ਨੂੰ ਆਮ ਵਾਂਗ ਬਿਲਡਿੰਗ ਦੇ ਅੰਦਰ ਨਹੀਂ ਆਉਣ ਦਿੱਤਾ ਜਾਵੇਗਾ

ਮਾਪਿਓ, ਇਨ੍ਹਾਂ ਸਾਰੀਆਂ ਚੀਜ਼ਾਂ ਅਤੇ ਉਨ੍ਹਾਂ ਸਾਰੇ ਆਮ ਨਿੱਤਨੇਮਾਂ, ਜਿਹੜੇ ਤੁਸੀਂ ਬਾਹਰ ਗਰੌਸਰੀ ਸਟਰਾਂ ਵਿੱਚ ਦੇਖਦੇ ਹੋ,  ਹੁਣ ਤੁਹਾਡੇ ਬੱਚਿਆਂ ਦਾ ਸਕੂਲ ਵਿੱਚ ਉਸ ਤਰ੍ਹਾਂ ਦੀਆਂ ਚੀਜ਼ਾਂ ਨਾਲ ਵਾਹ ਪਏਗਾ। ਇਸ ਵਿੱਚ ਸਾਡੇ ਸਾਰਿਆਂ ਦੀ ਭੂਮਿਕਾ ਹੈ ਅਤੇ ਇਹ ਸਾਡੇ ਸਾਰਿਆਂ ਵੱਲੋਂ ਆਪਣਾ ਬਣਦਾ ਹਿੱਸਾ ਪਾਉਣ ਬਾਰੇ ਹੈ। ਦਰਅਸਲ, ਇਹ ਸਾਡੇ ‘ਨਵੇਂ ਨਾਰਮਲ’ ਦਾ ਅਗਲਾ ਪੜਾਅ ਹੈ ਅਤੇ ਬਹੁਤ ਸਾਰੀਆਂ ਚੀਜ਼ਾਂ ਜਿਹੜੀਆਂ ਤੁਸੀਂ ਹੁਣ ਦੇਖੋਗੇ, ਉਨ੍ਹਾਂ ਦੀ ਸਤੰਬਰ ਵਿੱਚ ਹੋਣ ਦੀ ਵੀ ਸੰਭਾਵਨਾ ਹੈ।

ਜਿਵੇਂ ਤੁਸੀਂ ਜਾਣਦੇ ਹੋ, ਜ਼ਿਲ੍ਹੇ ਲਈ ਸਾਰੀਆਂ ਸੇਧਾਂ -ਖੋਲ੍ਹਣ ਲਈ, ਬੰਦ ਕਰਨ ਲਈ, ਕੁੱਝ ਹਿੱਸਾ ਖੋਲ੍ਹਣ ਲਦੀ- ਸੂਬਾਈ ਸਿਹਤ ਅਫਸਰ (ਪ੍ਰੋਵਿੰਸ਼ਿਅਲ ਹੈਲਥ ਆਫੀਸਰ) ਅਤੇ ਐਜੂਕੇਸ਼ਨ ਮਨਿਸਟਰੀ ਦੀ ਅਗਵਾਈ ਅਧੀਨ ਹਨ। ਮੈਨੂੰ ਬਹੁਤ ਸਾਰੇ ਲੋਕਾਂ ਨੇ ਪੁੱਛਿਆ ਹੈ, ਕਿ ਅਸੀਂ ਹੁਣ ਸਕੂਲ ਕਿਉਂ ਖੋਲ੍ਹ ਰਹੇ ਹਾਂ? ਮੈਂ ਤਿੰਨ ਮੁੱਖ ਕਾਰਨ ਸੁਣੇ ਹਨ:

1. ਕਿਉਂਕਿ ਆਪਣੇ ਸਕੂਲਾਂ ਅਤੇ ਕਮਿਊਨਿਟੀ ਵਿੱਚ ਚੁੱਕੇ ਗਏ ਇਹਨਾਂ ਕਦਮਾਂ ਰਾਹੀਂ ਅਸੀਂ ਕੋਵਿਡ19 ਵਿਰੁੱਧ ਲੜਾਈ

ਵਿੱਚ ਤਰੱਕੀ ਕਰ ਰਹੇ ਹਾਂ- ਸੂਬਾਈ ਸਿਹਤ ਅਫਸਰ (ਪ੍ਰੋਵਿੰਸ਼ਿਅਲ ਹੈਲਥ ਆਫੀਸਰ) ਦਾ ਕਹਿਣਾ ਹੈ ਕਿ ਸਕੂਲ ਸੁਰੱਖਿਅਤ ਥਾਂ ਹਨ;

2. ਕਿਉਂਕਿ  ਬੱਚਿਆਂ ਨੂੰ ਸਾਡੀ ਲੋੜ ਹੈ। ਜਦੋਂ ਕਿ ਵਰਚੁਅਲ ਪੜ੍ਹਾਈ ਕਈਆਂ ਲਈ ਵਧੀਆ ਰਹੀ ਹੈ, ਪਰ ਇਹ ਸਾਰਿਆਂ ਲਈ ਵਧੀਆ ਨਹੀਂ ਰਹੀ। ਬਰਾਬਰੀ ਅਤੇ ਪਹੁੰਚ ਸਾਡੇ ਲਈ ਮਹੱਤਵਪੂਰਨ ਮੁੱਦੇ ਹਨ, ਅਤੇ ਸਾਡੇ ਲਈ ਉਨ੍ਹਾਂ ਵਿਦਿਆਰਥੀਆਂ ਦਾ ਸਵਾਗਤ ਕਰਨ ਯੋਗ ਹੋਣਾ ਜ਼ਰੂਰੀ ਹੈ, ਜਿਹਨਾਂ ਨੂੰ ਮਦਦ ਦੀ ਜ਼ਿਆਦਾ ਲੋੜ ਹੈ, ਸਾਡੇ ਸਕੂਲਾਂ ਵਿੱਚ ਵਾਪਸ ਆਉਣਾ ਅਤੇ ਖਿਆਲ ਰੱਖਣ ਵਾਲੇ ਅਤੇ ਮਾਹਰ ਟੀਚਰ ਨਾਲ ਸਿੱਧਾ ਸੰਪਰਕ ਉਨ੍ਹਾਂ ਦੀ ਪੜ੍ਹਾਈ ਦਾ ਸਭ ਤੋਂ ਮਹੱਤਪੂਰਨ ਹਿੱਸਾ ਹੈ।

3. ਕਿਉਂਕਿ ਅਸੀਂ ਮਹਾਂਮਾਰੀ ਵਿੱਚ ਹਾਂ, ਅਤੇ ਮਹਾਂਮਾਰੀ ਵਿੱਚ ਰਹਾਂਗੇ ਅਤੇ ਸਾਨੂੰ ਸਤੰਬਰ ਲਈ ਤਬਦੀਲੀ ਦੀ ਸ਼ੁਰੂਆਤ ਕਰਨ, ਸਾਡੇ ਸਕੂਲਾਂ ਦੇ ਹਾਲਾਂ ਅਤੇ ਜਮਾਤਾਂ ਦੇ ਕਮਰਿਆਂ ਵਿੱਚ ਕਦਮ ਰੱਖਣ ਦੀ ਲੋੜ ਹੈ, ਅਤੇ ਸਿਰਫ ਇਹ ਸੁਣਨ ਦੀ ਹੀ ਨਹੀਂ ਕਿ ਇਹ ਸੁਰੱਖਿਅਤ ਹੈ, ਸਗੋਂ ਇਸ ਦਾ ਤਜਰਬਾ ਕਰਨ ਦੀ ਵੀ ਲੋੜ ਹੈ।

ਅਗਲੇ ਹਫਤੇ ਆਪਣੇ ਬੱਚੇ ਨੂੰ ਸਕੂਲ ਭੇਜਣਾ ਤੁਹਾਡੀ ਮਰਜ਼ੀ ਹੈ। ਭਾਵੇਂ ਤੁਸੀਂ ਘਰ ਰਹਿੰਦੇ ਹੋ ਜਾਂ ਤੁਸੀਂ ਸਕੂਲ ਆਉਂਦੇ ਹੋ, ਅਸੀਂ ਤੁਹਾਡੇ ਲਈ ਹਾਜ਼ਰ ਹੋਵਾਂਗੇ। ਸਕੂਲਾਂ ਵਿੱਚ ਪਹਿਲੇ ਦਿਨ ਸਭ ਕੁਝ ਸੰਪੂਰਨ ਨਹੀਂ ਹੋਵੇਗਾ। ਅਸੀਂ ਪਹਿਲਾਂ ਕਦੇ ਵੀ ਇਸ ਤਰ੍ਹਾਂ ਨਹੀਂ ਕੀਤਾ, ਅਤੇ ਇਹ ਸਾਡੇ ਲਈ ਇਹ ਦੇਖਣ ਦਾ ਪਹਿਲਾ ਮੌਕਾ ਹੋਵੇਗਾ ਕਿ ਕਿੰਨੇ ਬੱਚੇ ਆਉਂਦੇ ਹਨ ਅਤੇ ਅਸੀਂ ਆਪਣੇ ਨਵੇਂ ਅਧਿਆਇ ਨੂੰ ਕਿਸ ਤਰ੍ਹਾਂ ਤਿਆਰ ਕਰਦੇ ਹਾਂ।

ਹੋ ਸਕਦਾ ਹੈ ਸਾਨੂੰ ਕੁੱਝ ਮੁਸ਼ਕਿਲਾਂ ਆਉਣ, ਹੋ ਸਕਦਾ ਹੈ ਸਾਨੂੰ ਥੋੜ੍ਹਾ ਜਿਹਾ ਆਪਣਾ ਰਾਹ ਟਟੋਲਣਾ ਪਵੇ, ਪਰ ਆਖਰੀ ਗੱਲ ਇਹ ਹੈ ਕਿ ਸਾਡੇ  ਸਕੂਲ ਖਿਆਲ ਰੱਖਣ ਵਾਲੇ ਬਾਲਗਾਂ ਨਾਲ ਭਰੇ ਹੋਏ ਹਨ, ਅਤੇ ਅਸੀਂ ਆਪਣੇ ਵਿਦਿਆਰਥੀਆਂ ਦੀ ਘਾਟ ਮਹਿਸੂਸ ਕੀਤੀ ਹੈ। ਕੁੱਝ ਵੀ ਹੋਵੇ, ਵਾਪਸ ਆ ਕੇ ਦੁਬਾਰਾ ਸੰਪਰਕ ਬਣਾਉਣਾ ਸਾਨੂੰ ਇਹ ਯਾਦ ਕਰਵਾਏਗਾ ਕਿ ਸਕੂਲ ਇੰਨੇ ਜ਼ਰੂਰੀ ਕਿਉਂ ਹਨ ਅਤੇ ਵਿਦਿਆਰਥੀਆਂ ਨੂੰ ਦੁਬਾਰਾ ਸਕੂਲਾਂ ਵਿੱਚ ਦੇਖਣਾ ਸਾਡੇ ਲਈ ਥੋੜ੍ਹਾ ਜਿਹਾ ਨਾਰਮਲ ਵਾਂਗ ਮਹਿਸੂਸ ਕਰਨ ਅਤੇ ਪੱਤਝੜ ਵੱਲ ਅੱਗੇ ਵਧਦਿਆਂ ਨਵੇਂ ਨਿੱਤਨੇਮਾਂ ਨੂੰ ਸਮਝਣ ਦੀ ਵਧੀਆ ਸ਼ੁਰੂਆਤ ਹੋਵੇਗੀ।

ਸਾਡੀ ਕਮਿਊਨਿਟੀ ਲਈ ਸਕੂਲਾਂ ਦੀ ਸਾਖਰਤਾ ਅਤੇ ਹਿਸਾਬ ਕਿਤਾਬ ਦੀ ਮੁਹਾਰਤ ਤੋਂ ਕਿਤੇ ਵੱਧ ਮਹੱਤਤਾ ਹੈ। ਉਹ ਖਿਆਲ ਰੱਖਣ, ਸ਼ਮੂਲੀਅਤ, ਵੰਨ-ਸੁਵੰਨਤਾ ਅਤੇ ਸਿਹਤਮੰਦ ਅਤੇ ਚਹਿਲ ਪਹਿਲ ਭਰਪੂਰ ਕਮਿਊਨਿਟੀ ਅਤੇ ਸਮਾਜ ਸਿਰਜਣ ਵਾਲੇ ਢੰਗ ਨਾਲ ਰਹਿਣ, ਸਿੱਖਣ ਅਤੇ ਖੇਡਣ ਵਾਲੀਆਂ ਥਾਂਵਾਂ ਹਨ। ਪਾਠਕ੍ਰਮ ਤੋਂ ਪਾਰ, ਸਕੂਲ ਕਈ ਹੋਰ ਢੰਗਾਂ ਨਾਲ ਮਹੱਤਵਪੂਰਨ ਹਨ।

ਅਸੀਂ ਹਮੇਸ਼ਾਂ ਇਹ ਸੁਨੇਹਾ ਦਿੱਤਾ ਹੈ ਕਿ ਹੌਲੀ ਹੌਲੀ ਅਤੇ ਟਿਕ ਕੇ ਚਲਦਿਆਂ ਅਸੀਂ ਉੱਥੇ ਪਹੁੰਚ ਜਾਵਾਂਗੇ। ਅਗਲਾ ਹਫਤਾ ਕਿਸੇ ਤਰ੍ਹਾਂ ਵੱਖਰਾ ਨਹੀਂ ਹੈ। ਸੋਮਵਾਰ ਆਏਗਾ, ਅਸੀਂ ਬੱਚਿਆਂ ਦੀ ਗਿਣਤੀ ਕਰਾਂਗੇ, ਅਸੀਂ ਮਦਦ ਅਤੇ ਸੇਧ ਦੇਣ ਦਾ ਪ੍ਰਬੰਧ ਕਰਾਂਗੇ, ਅਤੇ ਸਕੂਲ ਇਕ ਵਾਰ ਫਿਰ ਸ਼ੁਗਲ, ਮੇਲ ਜੋਲ, ਹਾਸਿਆਂ, ਅਤੇ ਸੁਰੱਖਿਅਤ ਅਤੇ ਖਿਆਲ ਰੱਖਣ  ਵਾਲੇ ਮਾਹੌਲ ਵਿੱਚ ਲੋਕਾਂ ਨੂੰ ਮਿਲਣ ਵਾਲੀ ਥਾਂ ਬਣਨਾ ਸ਼ੁਰੂ ਕਰਨਗੇ। ਜੇ ਤੁਸੀਂ ਆਉਣ ਦੀ ਚੋਣ ਕਰੋ, ਤਾਂ ਅਸੀਂ ਉੱਥੇ ਤੁਹਾਡੇ ਲਈ ਹਾਜ਼ਰ ਹੋਵਾਂਗੇ ਅਤੇ ਹੌਲੀ ਹੌਲੀ ਅਤੇ ਟਿਕ ਕੇ ਚਲਦਿਆਂ ਅਸੀਂ ਇਕ ਨਵਾਂ ਨਾਰਮਲ ਪੈਦਾ ਕਰਾਂਗੇ ਜਿਹੜਾ ਛੋਟੇ ਅਤੇ ਹੋਰ ਸਾਵਧਾਨੀ ਵਾਲੇ ਢੰਗ ਨਾਲ ਸਵਾਗਤ ਕਰਨ ਵਾਲਾ ਅਤੇ ਖਿਆਲ ਰੱਖਣ ਵਾਲਾ ਹੋਵੇਗਾ।